# ਪ੍ਰੈਸ ਨੋਟ

## ਖ਼ਾਲਸਾ ਕਾਲਜ ਗਰਲਜ਼ ਹੋਸਟਲ ’ਚ ਮਨਾਇਆ ਗਿਆ ਅਰਦਾਸ ਦਿਵਸ

31.10.2018 ਅੰਮ੍ਰਿਤਸਰ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਗਰਲਜ਼ ਹੋਸਟਲ ਵਿੱਚ ਅਰਦਾਸ ਦਿਵਸ ਮਨਾਇਆ ਗਿਆ। ਇਸ ’ਚ ਹੋਸਟਲ ਦੇ ਸਾਰੇ ਬੱਚਿਆਂ ਨੇ ਮਿਲ ਕੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕੀਤਾ। ਜਿਸ ਉਪਰੰਤ ਹੋਸਟਲ ਵਿਦਿਆਰਥਣਾਂ ਵੱਲੋਂ ਰਸ ਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਤੇ ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ। ਪ੍ਰਿੰਸੀਪਲ ਸਾਹਿਬ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਗੁਰਬਾਣੀ ਸਾਨੂੰ ਉੱਚੇ ਆਚਰਣ ਵੱਲੋ ਲੈ ਕੇ ਜਾਂਦੀ ਹੈ। ਅਜੋਕੇ ਸਮਾਜ ਵਿਚ ਨੈਤਿਕ ਮੁਲਾਂ ਲਈ ਗੁਰਬਾਣੀ ਨਾਲ ਜੁੜਨਾ ਅਤਿਅੰਤ ਜਰੂਰੀ ਹੈ।ਗੁਰ-ਸ਼ਬਦ ਦੀ ਕ੍ਰਿਪਾ ਨਾਲ ਹੀ ਵਿਦਿਆ ਦਾ ਦਾਨ ਅਤੇ ਸ਼ੋਭਾ ਪ੍ਰਾਪਤ ਹੁੰਦੀ ਹੈ। ਇਸ ਮੌਕੇ ਹੋਸਟਲ ਵਿਚ ਪਹਿਲੇ ਸਾਲ ਆਏ ਬੱਚਿਆ ਨੇ ਆਪਣੀ ਜਾਣ-ਪਛਾਣ ਕਰਾਈ। ਅਜੇਹੀਆਂ ਨਵੀਆਂ ਵਿਦਿਆਰਥਣਾਂ ਨੂੰ ਤੋਹਫੇ ਦੇ ਕੇ ਨਿਵਾਜਿਆ। ਹੋਸਟਲ ਵਾਰਡਨ ਮੈਡਮ ਸੁਪਨਿੰਦਰਜੀਤ ਕੌਰ ਨੇ ਮੁੱਖ ਮਹਿਮਾਨ ਅਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਉਪਰੰਤ ਗੁਰੂ ਦਾ ਲੰਗਰ ਵਰਤਾਇਆ ਗਿਆ। ਇਸ ਮੌਕੇ ਤੇ ਪ੍ਰੋਫੇਸਰ ਗੁਰਬਖਸ ਸਿੰਘ, ਪ੍ਰਫੈਸਰ ਸਵਰਾਜ ਕੋਰ, ਪ੍ਰਫੈਸਰ ਸੁਪਨਿੰਦਰਜੀਤ ਕੌਰ, ਹੋਸਟਲ ਸੁਪਰਡੈਂਟ ਪ੍ਰਭਜੋਤ ਕੋਰ, ਸਿਮਰਨਪਾਲ ਕੌਰ ਮੋਜੂਦ ਸਨ।